15ਵੀਂ ਵਿਧਾਨ ਸਭਾ
ਦੂਜਾ ਸਮਾਗਮ

# ਪੰਜਾਬ ਵਿਧਾਨ ਸਭਾ

## ਬੁਲੇਟਿਨ ਨੰ: 7
## ਵੀਰਵਾਰ, 22 ਜੂਨ, 2017
## (10.00 ਵਜੇ ਸਵੇਰ ਤੋਂ 03.43 ਵਜੇ ਬਾਅਦ ਦੁਪਹਿਰ ਤੱਕ)

3.53

1. ਪ੍ਰਸ਼ਨ

(ੳ) ਨਿਸ਼ਾਨ ਵਾਲੇ ਪ੍ਰਸ਼ਨ:

| ਕ੍ਰਮ ਪੱਤਰ ਤੇ ਕੁੱਲ ਪ੍ਰਸ਼ਨ | ਉੱਤਰ ਦਿੱਤੇ ਗਏ | ਪੁੱਛੇ ਨਾ ਗਏ | ਮੁਲਤਵੀ ਕੀਤੇ ਗਏ | ਨਿਯਮ 38 ਅਧੀਨ ਉੱਤਰ ਦਿੱਤੇ ਗਏ | ਅਨੁਪੂਰਕਾਂ ਦੀ ਗਿਣਤੀ |
|---|---|---|---|---|---|
| 20 | 16 | 4 | - | - | 21 |

(ਅ) ਬਿਨਾਂ ਨਿਸ਼ਾਨ ਵਾਲੇ ਪ੍ਰਸ਼ਨ: 7

2. ਮੈਂਬਰਾਂ ਨੂੰ ਨੇਮ ਕਰਨਾ

ਆਮ ਆਦਮੀ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਅਤੇ ਸਰਦਾਰ ਬਲਵਿੰਦਰ ਸਿੰਘ ਬੈਂਸ, ਮੈਂਬਰ, ਲੋਕ ਇਨਸਾਫ ਪਾਰਟੀ ਵੱਲੋਂ, ਚੇਅਰ ਦੇ ਬਾਰ ਬਾਰ ਅਪੀਲ ਕਰਨ ਦੇ ਬਾਵਜੂਦ, ਜਾਣਬੁੱਝ ਕੇ ਸਦਨ ਦੀ ਕਾਰਵਾਈ ਵਿੱਚ ਵਿਘਨ ਪਾਉਣ ਕਾਰਨ, ਮਾਨਯੋਗ ਸਪੀਕਰ ਵੱਲੋਂ ਉਨ੍ਹਾਂ ਨੂੰ ਨੇਮ ਕੀਤਾ ਗਿਆ, ਜਿਸ ਨਾਲ ਉਹ ਬੈਠਕ ਦੇ ਬਾਕੀ ਰਹਿੰਦੇ ਸਮੇਂ ਲਈ ਮੁਅੱਤਲ ਹੋ ਗਏ। ਪਰ ਉਨ੍ਹਾਂ ਦੇ ਬਾਹਰ ਨਾ ਜਾਣ ਤੇ ਮਾਨਯੋਗ ਸਪੀਕਰ ਵੱਲੋਂ ਉਨ੍ਹਾਂ ਨੂੰ ਸਦਨ ਵਿੱਚੋਂ ਬਾਹਰ ਲਿਜਾਣ ਦੀ ਹਦਾਇਤ ਕਰਨ ਤੇ ਮਾਰਸ਼ਲ ਵੱਲੋਂ ਉਨ੍ਹਾਂ ਨੂੰ ਸਦਨ ਵਿੱਚੋਂ ਬਾਹਰ ਲਿਜਾਇਆ ਗਿਆ।

ਆਮ ਆਦਮੀ ਪਾਰਟੀ ਦੇ ਮੈਂਬਰ ਅਤੇ ਲੋਕ ਇਨਸਾਫ ਪਾਰਟੀ ਦੇ ਮੈਂਬਰ, ਸਰਦਾਰ ਬਲਵਿੰਦਰ ਸਿੰਘ ਬੈਂਸ ਵੱਲੋਂ ਮਾਨਯੋਗ ਸਪੀਕਰ ਦੇ ਹੁਕਮਾਂ ਦੀ ਉਲੰਘਣਾ ਕਰਕੇ ਫਿਰ ਸਦਨ ਵਿੱਚ ਵਾਪਸ ਆਉਣ ਤੇ ਮਾਨਯੋਗ ਸਪੀਕਰ ਵੱਲੋਂ ਉਨ੍ਹਾਂ ਨੂੰ ਵਿਧਾਨ ਸਭਾ ਦੇ ਪ੍ਰੀਮਿਸਿਜ਼ ਤੋਂ ਬਾਹਰ ਲੈ ਜਾਣ ਦੇ ਹੁਕਮ ਕੀਤੇ ਗਏ।

3. ਵਾਕ ਆਊਟ

i) ਸ਼੍ਰੋਮਣੀ ਅਕਾਲੀ ਦਲ ਦੇ ਸਦਨ ਵਿੱਚ ਹਾਜ਼ਰ ਮੈਂਬਰ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ, ਸ਼੍ਰੀ ਦਿਨੇਸ਼ ਸਿੰਘ ਨੂੰ ਛੱਡ ਕੇ, ਆਮ ਆਦਮੀ ਪਾਰਟੀ ਅਤੇ ਲੋਕ ਇਨਸਾਫ ਪਾਰਟੀ ਦੇ ਮੈਂਬਰਜ਼ ਨੂੰ ਸਦਨ ਵਿੱਚੋਂ ਬਾਹਰ ਕੱਢਣ ਦੇ ਰੋਸ ਵਜੋਂ ਸਦਨ ਵਿੱਚੋਂ ਵਾਕ ਆਊਟ ਕਰ ਗਏ।

ii) ਸ਼੍ਰੀ ਦਿਨੇਸ਼ ਸਿੰਘ, ਮੈਂਬਰ, ਭਾਰਤੀ ਜਨਤਾ ਪਾਰਟੀ ਆਪਣਾ ਸਵਾਲ ਪੁੱਛਣ ਤੋਂ ਬਾਅਦ ਸਦਨ ਵਿੱਚੋਂ ਵਾਕ ਆਊਟ ਕਰ ਗਏ।

iii) ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਆਮ ਆਦਮੀ ਪਾਰਟੀ ਅਤੇ ਲੋਕ ਇਨਸਾਫ ਪਾਰਟੀ ਦੇ ਮੈਂਬਰਾਂ ਨੂੰ ਸਦਨ ਵਿੱਚੋਂ ਬਾਹਰ ਕੱਢਣ ਦੇ ਰੋਸ ਵਜੋਂ ਮਾਨਯੋਗ ਸਪੀਕਰ ਦੇ ਖਿਲਾਫ ਨਾਅਰੇ ਲਗਾਉਂਦੇ ਹੋਏ ਸਦਨ ਵਿੱਚੋਂ ਦੁਬਾਰਾ ਵਾਕ ਆਊਟ ਕਰ ਗਏ।

4. ਧਿਆਨ ਦਿਵਾਊ ਨੋਟਿਸ

ਸਰਦਾਰ ਬਲਬੀਰ ਸਿੰਘ ਸਿੱਧੂ, ਐਮ.ਐਲ.ਏ. ਨੇ ਪਿੰਡ ਝਿਊਰਹੇੜੀ ਜ਼ਿਲ੍ਹਾ ਐਸ.ਏ.ਐਸ. ਨਗਰ ਵਿੱਚ ਹਵਾਈ ਅੱਡੇ ਦੇ ਮੰਤਵ ਲਈ ਐਕਵਾਇਰ ਕੀਤੀ ਜ਼ਮੀਨ ਦੀ ਦੁੱਗਣੀ ਕੀਮਤ ਵੱਲ ਸਰਕਾਰ ਦਾ ਧਿਆਨ ਦਿਵਾਇਆ।

(ਨੰ: 26)

ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਨੇ ਜਵਾਬ ਦਿੱਤਾ।

5. ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼-ਪੱਤਰ

ਸੰਸਦੀ ਮਾਮਲੇ ਮੰਤਰੀ ਨੇ ਅੱਜ ਦੀ ਕਾਰਜ-ਸੂਚੀ ਦੇ ਲੜੀ ਨੰ: III ਅਧੀਨ ਦਰਸਾਏ ਗਏ ਲੜੀ ਨੰ. 1 ਤੋਂ 3 ਤੱਕ ਵਰਣਿਤ ਕਾਗਜ਼-ਪੱਤਰ ਸਦਨ ਦੀ ਮੇਜ਼ ਤੇ ਰੱਖੇ।

ਜਾਰੀ/.....

6. **ਵਿਸ਼ੇਸ਼ ਅਧਿਕਾਰ ਹਨਨ ਪ੍ਰਸਤਾਵ**

ਸੰਸਦੀ ਮਾਮਲੇ ਮੰਤਰੀ ਵੱਲੋਂ ਨਿਮਨਲਿਖਤ ਵਿਸ਼ੇਸ਼ ਅਧਿਕਾਰ ਹਨਨ ਪ੍ਰਸਤਾਵ ਪੇਸ਼ ਕੀਤਾ ਗਿਆ ਅਤੇ ਪ੍ਰਵਾਨ ਹੋਇਆ:

> "ਇਹ ਸਦਨ ਕੱਲ੍ਹ ਮਿਤੀ 21 ਜੂਨ, 2017 ਨੂੰ ਪ੍ਰਸ਼ਨ ਕਾਲ ਦੌਰਾਨ ਸ੍ਰੀ ਪਵਨ ਕੁਮਾਰ ਟੀਨੂ, ਮੈਂਬਰ, ਸ਼੍ਰੋਮਣੀ ਅਕਾਲੀ ਦਲ ਅਤੇ ਵਿਰੋਧੀ ਧਿਰ ਦੇ ਹੋਰ ਕਈ ਮੈਂਬਰਾਂ ਦੁਆਰਾ ਪ੍ਰਸ਼ਨ ਕਾਲ ਦੀ ਕਾਰਵਾਈ ਵਿਚ ਵਿਘਨ ਪਾਉਂਦਿਆਂ ਹੋਇਆਂ ਸਪੀਕਰ ਸਾਹਿਬ ਦੀ ਪਦਵੀ ਦੇ ਖਿਲਾਫ ਅਪਮਾਨਜਨਕ ਲਹਿਜੇ ਵਿੱਚ ਜਿਹੜੇ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ ਕਿ "ਤੁਸੀਂ ਇਹੋ ਜਿਹੇ ਮੰਤਰੀ ਨੂੰ ਬੋਲਣ ਦਾ ਮੌਕਾ ਦਿੰਦੇ ਹੋ" ਅਤੇ ਇਸ ਪਵਿੱਤਰ ਸਦਨ ਦੇ ਅੰਦਰ ਇੱਕ ਮਾਨਯੋਗ ਮੰਤਰੀ ਦੇ ਖਿਲਾਫ ਬਹੁਤ ਹੀ ਅਪਮਾਨਜਨਕ ਅਤੇ ਜ਼ਾਤੀ ਤੌਰ ਤੇ ਜੋ ਸ਼ਬਦ ਬੋਲੇ ਗਏ ਹਨ, ਜਿਸ ਤਰ੍ਹਾਂ - "ਮੈਂ ਤੇਰੇ ਜੁੱਤੀ ਮਾਰਾਂਗਾ, ਤੈਨੂੰ ਦੱਸ ਦਿਆਂ ਮੈਂ, ਹੇਰਾਫੇਰੀ ਨਾਲ ਜਿੱਤ ਕੇ ਆਇਆ ਹੈ ਤੂੰ", ਇਸ ਨਾਲ ਸਦਨ ਦੇ ਨਿਯਮਾਂ ਅਤੇ ਸਦਨ ਦੀ ਮਾਣ ਅਤੇ ਮਰਿਆਦਾ ਪੂਰੀ ਤਰ੍ਹਾਂ ਭੰਗ ਹੋਈ ਹੈ। ਇਹ ਸਦਨ ਸ੍ਰੀ ਪਵਨ ਕੁਮਾਰ ਟੀਨੂ ਅਤੇ ਵਿਰੋਧੀ ਧਿਰ ਦੇ ਕਈ ਹੋਰ ਮੈਂਬਰਾਂ ਦੇ ਇਸ ਵਿਵਹਾਰ ਨੂੰ ਪਵਿੱਤਰ ਸਦਨ ਦੀ ਤੌਹੀਨ ਸਮਝਦਾ ਹੈ ਅਤੇ ਇਸ ਦੀ ਪੁਰਜ਼ੋਰ ਸ਼ਬਦਾਂ ਵਿੱਚ ਨਿਖੇਧੀ ਕਰਦਾ ਹੈ। ਇਹ ਸਦਨ ਇਸ ਪਵਿੱਤਰ ਸਦਨ ਦੇ ਨਿਯਮਾਂ ਅਤੇ ਮਾਣ ਮਰਿਆਦਾ ਦੀ ਉਲੰਘਣਾ ਹੋਣ ਤੇ ਇਸ ਪਵਿੱਤਰ ਸਦਨ ਦੀ ਤੌਹੀਨ ਸਮਝਦੇ ਹੋਏ ਇਸ ਦੀ ਪੁਰਜ਼ੋਰ ਨਿੰਦਾ ਕਰਦਾ ਹੈ ਅਤੇ ਇਸ ਪਵਿੱਤਰ ਸਦਨ ਦੇ ਵਿਸ਼ੇਸ਼ ਅਧਿਕਾਰਾਂ ਦੇ ਹਨਨ ਦੇ ਮਾਮਲੇ ਤੇ ਕਾਰਵਾਈ ਕਰਨ ਦੀ ਮੰਗ ਕਰਦਾ ਹੈ। "

7. **ਮੈਂਬਰਾਂ ਨੂੰ ਨੇਮ ਕਰਨਾ**

ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰਾਂ ਵੱਲੋਂ, ਚੇਅਰ ਦੇ ਬਾਰ ਬਾਰ ਅਪੀਲ ਕਰਨ ਦੇ ਬਾਵਜੂਦ, ਜਾਣਬੁੱਝ ਕੇ ਸਦਨ ਦੀ ਕਾਰਵਾਈ ਵਿੱਚ ਵਿਘਨ ਪਾਉਣ ਅਤੇ ਚੇਅਰ ਦੇ ਹੁਕਮਾਂ ਦੀ ਪਰਵਾਹ ਨਾ ਕਰਨ ਕਾਰਨ, ਮਾਨਯੋਗ ਸਪੀਕਰ ਵੱਲੋਂ ਉਨ੍ਹਾਂ ਨੂੰ ਨੇਮ ਕੀਤਾ ਗਿਆ ਅਤੇ ਮਾਰਸ਼ਲ ਨੂੰ ਉਨ੍ਹਾਂ ਨੂੰ ਵਿਧਾਨ ਸਭਾ ਦੀ ਪ੍ਰੀਮਿਸਿਜ਼ ਤੋਂ ਬਾਹਰ ਲੈ ਜਾਣ ਦੇ ਹੁਕਮ ਕੀਤੇ ਗਏ। ਇਸ ਨਾਲ ਉਹ ਬੈਠਕ ਦੇ ਬਾਕੀ ਰਹਿੰਦੇ ਸਮੇਂ ਲਈ ਮੁਅੱਤਲ ਹੋ ਗਏ।

8. **ਸਦਨ ਨੂੰ ਥੋੜ੍ਹੇ ਸਮੇਂ ਲਈ ਸਥਗਿਤ ਕਰਨਾ**

ਮਾਨਯੋਗ ਸਪੀਕਰ ਵੱਲੋਂ ਸਦਨ ਵਿੱਚ ਬਹੁਤ ਸ਼ੋਰ ਸ਼ਰਾਬਾ ਹੋਣ ਕਾਰਨ ਸਦਨ 11.21 ਵਜੇ ਪੂਰਵ ਦੁਪਹਿਰ ਤੋਂ 11.36 ਵਜੇ ਪੂਰਵ ਦੁਪਹਿਰ ਤੱਕ, 11.36 ਵਜੇ ਪੂਰਵ ਦੁਪਹਿਰ ਤੋਂ 12.06 ਵਜੇ ਬਾਅਦ ਦੁਪਹਿਰ ਤੱਕ ਅਤੇ 12.10 ਵਜੇ ਬਾਅਦ ਦੁਪਹਿਰ ਤੋਂ 12.25 ਵਜੇ ਬਾਅਦ ਦੁਪਹਿਰ ਤੱਕ ਸਥਗਿਤ ਕੀਤਾ ਗਿਆ।

9. **ਕਿਸਾਨਾਂ ਦੇ ਕਰਜ਼ਾ ਮੁਆਫੀ ਬਾਰੇ ਮੁੱਖ ਮੰਤਰੀ ਵੱਲੋਂ ਬਿਆਨ**

ਮੁੱਖ ਮੰਤਰੀ ਵੱਲੋਂ ਰਾਜਪਾਲ ਦੇ ਭਾਸ਼ਣ ਤੇ ਬਹਿਸ ਦਾ ਜਵਾਬ ਦਿੰਦੇ ਸਮੇਂ ਕਿਸਾਨਾਂ ਦੇ ਕਰਜ਼ਾ ਮੁਆਫੀ ਬਾਰੇ ਕੀਤੇ ਗਏ ਐਲਾਨ ਤੋਂ ਬਾਅਦ ਵਿਰੋਧੀ ਧਿਰ ਵੱਲੋਂ ਅਤੇ ਅਖ਼ਬਾਰਾਂ ਵਿੱਚ ਉਠਾਏ ਗਏ ਖਦਸ਼ਿਆਂ ਨੂੰ ਦੂਰ ਕਰਨ ਸਬੰਧੀ ਸਦਨ ਵਿੱਚ ਬਿਆਨ ਦਿੱਤਾ ਗਿਆ।

10. **ਮੁੱਖ ਮੰਤਰੀ ਵੱਲੋਂ ਬੇਜ਼ਮੀਨੇ ਮਜ਼ਦੂਰਾਂ ਦੀ ਗਿਣਤੀ ਅਤੇ ਉਨ੍ਹਾਂ ਤੇ ਖੜੇ ਕਰਜ਼ੇ ਬਾਰੇ ਪੰਜ ਮੈਂਬਰੀ ਕਮੇਟੀ ਬਣਾਉਣ ਦੀ ਤਜਵੀਜ਼**

ਮਾਨਯੋਗ ਮੁੱਖ ਮੰਤਰੀ ਵੱਲੋਂ ਬੇਜ਼ਮੀਨੇ ਮਜ਼ਦੂਰਾਂ ਦੀ ਗਿਣਤੀ ਅਤੇ ਉਨ੍ਹਾਂ ਤੇ ਖੜ੍ਹੇ ਕਰਜ਼ੇ ਬਾਰੇ ਦਿੱਤੇ ਗਏ ਬਿਆਨ ਦੌਰਾਨ ਸਦਨ ਦੀ ਪੰਜ ਮੈਂਬਰੀ ਕਮੇਟੀ ਬਣਾਉਣ ਦੀ ਤਜਵੀਜ਼ ਰੱਖੀ ਗਈ।

11. **ਧੰਨਵਾਦ ਪ੍ਰਸਤਾਵ**

ਸਰਦਾਰ ਚਰਨਜੀਤ ਸਿੰਘ ਚੰਨੀ, ਤਕਨੀਕੀ ਸਿੱਖਿਆ ਮੰਤਰੀ ਵੱਲੋਂ ਨਿਮਨਲਿਖਤ ਧੰਨਵਾਦ ਪ੍ਰਸਤਾਵ ਪੇਸ਼ ਕੀਤਾ ਗਿਆ ਅਤੇ ਸਰਬਸੰਮਤੀ ਨਾਲ ਪ੍ਰਵਾਨ ਹੋਇਆ:

> "ਮਾਨਯੋਗ ਮੁੱਖ ਮੰਤਰੀ ਜੀ ਵੱਲੋਂ ਬੇਜ਼ਮੀਨੇ ਮਜ਼ਦੂਰਾਂ (Landless Labourers) ਦੀ ਗਿਣਤੀ ਅਤੇ ਉਨ੍ਹਾਂ ਤੇ ਖੜੇ ਕਰਜ਼ੇ ਬਾਰੇ ਪੰਜ ਮੈਂਬਰੀ ਕਮੇਟੀ ਬਣਾਉਣ ਦੀ ਤਜਵੀਜ਼ ਕਰਨ ਤੇ ਇਹ ਸਦਨ ਉਨ੍ਹਾਂ ਦੀ ਸ਼ਲਾਘਾ ਕਰਦਾ ਹੈ ਅਤੇ ਇਸ ਲਈ ਉਨ੍ਹਾਂ ਦਾ ਧੰਨਵਾਦ ਕਰਦਾ ਹੈ ਕਿਉਂਕਿ ਇਨ੍ਹਾਂ ਨੇ ਗਰੀਬਾਂ ਲਈ ਬਹੁਤ ਵੱਡੀ ਰਾਹਤ ਦੇਣ ਦਾ ਕੰਮ ਵੀ ਕੀਤਾ ਹੈ। "

ਪ੍ਰਸਤਾਵ ਪੇਸ਼ ਕਰਦੇ ਹੋਏ ਤਕਨੀਕੀ ਸਿੱਖਿਆ ਮੰਤਰੀ 02 ਮਿੰਟ ਲਈ ਬੋਲੇ।

ਜਾਰੀ/.....

12. **ਵਿਸ਼ੇਸ਼ ਅਧਿਕਾਰ ਹਨਣ ਪ੍ਰਸਤਾਵ**

ਸੰਸਦੀ ਮਾਮਲੇ ਮੰਤਰੀ ਵੱਲੋਂ ਨਿਮਨਲਿਖਤ ਵਿਸ਼ੇਸ਼ ਅਧਿਕਾਰ ਹਨਣ ਪ੍ਰਸਤਾਵ ਪੇਸ਼ ਕੀਤਾ ਗਿਆ ਅਤੇ ਪ੍ਰਵਾਨ ਹੋਇਆ:

"ਮਿਤੀ 20 ਜੂਨ, 2017 ਨੂੰ 11.28 ਵਜੇ ਪੂਰਵ ਦੁਪਹਿਰ, ਜਦੋਂ ਮਾਨਯੋਗ ਵਿੱਤ ਮੰਤਰੀ ਜੀ ਬਜਟ ਅਨੁਮਾਨ ਪੇਸ਼ ਕਰਦੇ ਹੋਏ ਬੋਲ ਰਹੇ ਸਨ, ਉਸ ਸਮੇਂ ਆਮ ਆਦਮੀ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਸਾਹਿਬਾਨ ਨਾਹਰੇ ਲਗਾਉਂਦੇ ਹੋਏ ਸਦਨ ਦੀ ਫਲੋਰ ਕਰਾਸ ਕਰਕੇ ਵਾਕ ਆਊਟ ਕਰ ਗਏ।

ਇਸੇ ਤਰ੍ਹਾਂ ਕੱਲ੍ਹ ਮਿਤੀ 21 ਜੂਨ 2017 ਨੂੰ 10.46 ਵਜੇ ਪੂਰਵ ਦੁਪਹਿਰ ਨੂੰ ਜਦੋਂ ਪ੍ਰਸ਼ਨ ਕਾਲ ਚਲ ਰਿਹਾ ਸੀ, ਤਾਂ ਉਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਸਾਹਿਬਾਨ ਨਾਹਰੇ ਲਗਾਉਂਦੇ ਹੋਏ ਸਦਨ ਦੀ ਫਲੋਰ ਕਰਾਸ ਕਰਕੇ ਵਾਕ ਆਊਟ ਕਰ ਗਏ।

ਇਸੇ ਤਰ੍ਹਾਂ ਅੱਜ ਮਿਤੀ 22 ਜੂਨ, 2017 ਨੂੰ 10.30 ਵਜੇ ਪੂਰਵ ਦੁਪਹਿਰ ਨੂੰ ਜਦੋਂ ਪ੍ਰਸ਼ਨ ਕਾਲ ਚਲ ਰਿਹਾ ਸੀ ਤਾਂ ਆਮ ਆਦਮੀ ਪਾਰਟੀ ਅਤੇ ਲੋਕ ਇਨਸਾਫ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰਾਂ ਵੱਲੋਂ ਪ੍ਰਸ਼ਨ ਕਾਲ ਦੀ ਕਾਰਵਾਈ ਵਿੱਚ ਘੋਰ ਵਿਘਨ ਪਾਇਆ ਗਿਆ ਅਤੇ ਚੇਅਰ ਦੇ ਬਾਰ ਬਾਰ ਕਹਿਣ ਦੇ ਬਾਵਜੂਦ ਵੀ ਉਹ ਅਜਿਹਾ ਕਰਨ ਤੋਂ ਨਹੀਂ ਰੁਕੇ, ਜਿਸ ਕਰਕੇ ਆਪ ਜੀ ਨੂੰ ਆਮ ਆਦਮੀ ਪਾਰਟੀ ਅਤੇ ਲੋਕ ਇਨਸਾਫ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰਾਂ ਨੂੰ ਨੇਮ ਕਰਨਾ ਪਿਆ। ਮਾਨਯੋਗ ਸਪੀਕਰ ਸਾਹਿਬ ਦੇ ਇਨ੍ਹਾਂ ਹੁਕਮਾਂ ਅਨੁਸਾਰ ਸਦਨ ਵਿੱਚ ਤੈਨਾਤ ਸਕਿਓਰਿਟੀ ਸਟਾਫ ਦੁਆਰਾ ਜਦੋਂ ਇਨ੍ਹਾਂ ਨੇਮ ਕੀਤੇ ਗਏ ਮੈਂਬਰਾਂ ਨੂੰ ਮਾਰਸ਼ਲ ਦੁਆਰਾ ਹਾਊਸ ਵਿੱਚੋਂ ਬਾਹਰ ਲਿਜਾਣ ਦੀ ਕਾਰਵਾਈ ਕੀਤੀ ਜਾ ਰਹੀ ਸੀ ਤਾਂ ਆਮ ਆਦਮੀ ਪਾਰਟੀ ਦੇ ਮੈਂਬਰ ਸ੍ਰੀ ਜੈ ਕ੍ਰਿਸ਼ਨ ਵੱਲੋਂ ਹਾਊਸ ਦੀ ਸਕਿਓਰਿਟੀ ਡਿਊਟੀ ਤੇ ਤੈਨਾਤ ਇੱਕ ਲੇਡੀ ਸਟਾਫ ਨੂੰ ਮੁੱਕਾ ਮਾਰਿਆ ਗਿਆ ਅਤੇ ਆਮ ਆਦਮੀ ਪਾਰਟੀ ਅਤੇ ਲੋਕ ਇਨਸਾਫ ਪਾਰਟੀ ਦੇ ਇਨ੍ਹਾਂ ਮੈਂਬਰਾਂ ਵੱਲੋਂ ਸਦਨ ਦੀ ਪਰਾਪਰਟੀ ਨੂੰ ਨੁਕਸਾਨ ਵੀ ਪਹੁੰਚਾਇਆ ਗਿਆ।

ਅਤੇ ਅੱਜ 11.20 ਵਜੇ ਪੂਰਵ ਦੁਪਹਿਰ ਨੂੰ ਜਦੋਂ ਬਜਟ ਅਨੁਮਾਨਾਂ ਤੇ ਬਹਿਸ ਚਲ ਰਹੀ ਸੀ, ਤਾਂ ਉਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਸਾਹਿਬਾਨ ਵੀ ਨਾਹਰੇ ਲਗਾਉਂਦੇ ਹੋਏ ਸਦਨ ਦੀ ਫਲੋਰ ਕਰਾਸ ਕਰਕੇ ਵਾਕ ਆਊਟ ਕਰ ਗਏ।

ਅਜਿਹਾ ਕਰਕੇ ਇਨ੍ਹਾਂ ਮੈਂਬਰ ਸਾਹਿਬਾਨ ਨੇ ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮਾਂ ਦੀ ਉਲੰਘਣਾ ਕੀਤੀ ਹੈ। ਜੋ ਵੀ ਅੱਜ ਇਸ ਪਵਿੱਤਰ ਸਦਨ ਵਿੱਚ ਵਾਪਰਿਆ ਉਹ ਸਦਨ ਦੀਆਂ ਪਿਛਲੀਆਂ ਸਥਾਪਿਤ ਪਰੰਪਰਾਵਾਂ ਤੇ ਰਵਾਇਤਾਂ ਅਨੁਸਾਰ ਬਿਲਕੁਲ ਵੀ ਉਚਿਤ ਨਹੀਂ ਹੈ। ਇਸ ਤੋਂ ਇਲਾਵਾ ਚੇਅਰ ਵੱਲ ਉਂਗਲੀ ਕਰਨਾ, ਕਾਗਜ਼ ਸੁੱਟਣਾ, ਅਪਸ਼ਬਦ ਬੋਲਣੇ ਅਤੇ ਨਾਹਰੇ ਲਗਾਉਣੇ ਵੀ ਇਸ ਪਵਿੱਤਰ ਸਦਨ ਦੀ ਤੌਹੀਨ ਹੈ, ਜਿਸ ਦਾ ਕਿ ਵੱਖ-ਵੱਖ ਨਿਯਮਾਂ ਵਿੱਚ ਵੀ ਉਪਬੰਧ ਹੈ। ਆਪੋਜੀਸ਼ਨ ਦੇ ਇਨ੍ਹਾਂ ਮੈਂਬਰ ਸਾਹਿਬਾਨ ਵੱਲੋਂ ਕੀਤੀਆਂ ਇਨ੍ਹਾਂ ਸਾਰੀਆਂ ਕਾਰਵਾਈਆਂ ਨੂੰ ਸਮੂਹ ਸਦਨ ਪਵਿੱਤਰ ਸਦਨ ਦੀ ਤੌਹੀਨ ਸਮਝਦਾ ਹੈ ਅਤੇ ਇਸ ਦੀ ਪੁਰਜ਼ੋਰ ਨਿੰਦਾ ਕਰਦਾ ਹੈ ਅਤੇ ਪਵਿੱਤਰ ਸਦਨ ਦੇ ਵਿਸ਼ੇਸ਼ ਅਧਿਕਾਰਾਂ ਦੇ ਹਨਣ ਦੇ ਮਾਮਲੇ ਤੇ ਕਾਰਵਾਈ ਕਰਨ ਦੀ ਮੰਗ ਕਰਦਾ ਹੈ। "

ਮਾਨਯੋਗ ਸਪੀਕਰ ਵੱਲੋਂ ਹਾਊਸ ਨੂੰ ਦੱਸਿਆ ਗਿਆ ਕਿ ਇਸ ਘਟਨਾ ਤੇ ਕਾਰਵਾਈ ਕਰ ਲਈ ਗਈ ਹੈ ਅਤੇ ਜੇ ਹੋਰ ਕਾਰਵਾਈ ਕਰਨ ਦੀ ਲੋੜ ਪਵੇਗੀ ਤਾਂ ਉਹ ਵੀ ਕੀਤੀ ਜਾਵੇਗੀ।

13. **ਸਾਲ 2017-18 ਲਈ ਬਜਟ ਅਨੁਮਾਨ**

**ਸਾਲ 2017-18 ਲਈ ਬਜਟ ਅਨੁਮਾਨਾਂ ਤੇ ਆਮ ਬਹਿਸ ਮੁੜ ਆਰੰਭ ਕਰਨਾ**

ਨਿਮਨਲਿਖਤ ਮੈਂਬਰ ਸਾਹਿਬਾਨ ਨੇ ਬਹਿਸ ਵਿੱਚ ਹਿੱਸਾ ਲਿਆ ਅਤੇ ਉਹ ਉਨ੍ਹਾਂ ਦੇ ਨਾਮ ਸਾਹਮਣੇ ਦਿੱਤੇ ਗਏ ਸਮੇਂ ਲਈ ਬੋਲੇ:

| | | |
|---|---|---|
| 1. | ਸ੍ਰੀ ਅਮਿਤ ਵਿਜ, ਇੰਡੀਅਨ ਨੈਸ਼ਨਲ ਕਾਂਗਰਸ | 08 ਮਿੰਟ |
| 2. | ਸਰਦਾਰ ਕੁਸ਼ਲਦੀਪ ਸਿੰਘ ਢਿੱਲੋਂ, ਇੰਡੀਅਨ ਨੈਸ਼ਨਲ ਕਾਂਗਰਸ | 09 ਮਿੰਟ |
| 3. | ਸਰਦਾਰ ਅੰਗਦ ਸਿੰਘ, ਇੰਡੀਅਨ ਨੈਸ਼ਨਲ ਕਾਂਗਰਸ | 07 ਮਿੰਟ |

ਜਾਰੀ/.....

4. ਸਰਦਾਰ ਅਵਤਾਰ ਸਿੰਘ ਜੂਨੀਅਰ, ਇੰਡੀਅਨ ਨੈਸ਼ਨਲ ਕਾਂਗਰਸ 12 ਮਿੰਟ
5. ਸਰਦਾਰ ਕੁਲਦੀਪ ਸਿੰਘ ਵੈਦ, ਇੰਡੀਅਨ ਨੈਸ਼ਨਲ ਕਾਂਗਰਸ 06 ਮਿੰਟ
6. ਸਰਦਾਰ ਹਰਪ੍ਰਤਾਪ ਸਿੰਘ ਅਜਨਾਲਾ, ਇੰਡੀਅਨ ਨੈਸ਼ਨਲ ਕਾਂਗਰਸ 06 ਮਿੰਟ
7. ਸਰਦਾਰ ਸੰਗਤ ਸਿੰਘ ਗਿਲਜ਼ੀਆਂ, ਇੰਡੀਅਨ ਨੈਸ਼ਨਲ ਕਾਂਗਰਸ 10 ਮਿੰਟ
8. ਰਾਣਾ ਗੁਰਮੀਤ ਸਿੰਘ ਸੋਢੀ, ਇੰਡੀਅਨ ਨੈਸ਼ਨਲ ਕਾਂਗਰਸ 22 ਮਿੰਟ
9. ਸਰਦਾਰ ਫਤਹਿਜੰਗ ਸਿੰਘ ਬਾਜਵਾ, ਇੰਡੀਅਨ ਨੈਸ਼ਨਲ ਕਾਂਗਰਸ 12 ਮਿੰਟ
10. ਸ੍ਰੀ ਸੁੰਦਰ ਸ਼ਾਮ ਅਰੋੜਾ, ਇੰਡੀਅਨ ਨੈਸ਼ਨਲ ਕਾਂਗਰਸ 09 ਮਿੰਟ
11. ਸਰਦਾਰ ਸੁਖਵਿੰਦਰ ਸਿੰਘ ਡੈਨੀ, ਇੰਡੀਅਨ ਨੈਸ਼ਨਲ ਕਾਂਗਰਸ 10 ਮਿੰਟ

ਵਿੱਤ ਮੰਤਰੀ ਬਹਿਸ ਦਾ ਜਵਾਬ ਦਿੰਦੇ ਹੋਏ 53 ਮਿੰਟ ਲਈ ਬੋਲੇ।

14. ਵਿੱਤੀ ਕੰਮ-ਕਾਰ

(i) ਸਾਲ 2017- 18 ਲਈ ਬਜਟ ਅਨੁਮਾਨਾਂ ਨਾਲ ਸਬੰਧਤ ਗ੍ਰਾਂਟਾਂ ਲਈ ਮੰਗਾਂ ਤੇ ਬਹਿਸ ਅਤੇ ਵੋਟਿੰਗ

ਵਿੱਤ ਮੰਤਰੀ ਨੇ ਸਾਲ 2017-18 ਲਈ ਬਜਟ ਅਨੁਮਾਨਾਂ ਨਾਲ ਸਬੰਧਤ ਗ੍ਰਾਂਟਾ ਲਈ ਮੰਗਾਂ ਪੇਸ਼ ਕੀਤੀਆਂ।

ਕਾਰਜ ਸੂਚੀ ਵਿਚ ਦਰਜ ਮੰਗ ਨੰ: 1 ਤੋਂ 30 ਤੱਕ ਸਦਨ ਦੀ ਸਹਿਮਤੀ ਨਾਲ ਇਕੱਠੀਆਂ ਹੀ ਸਦਨ ਦੀ ਬਹਿਸ ਅਤੇ ਵੋਟ ਲਈ ਰੱਖੀਆਂ ਗਈਆਂ ਅਤੇ ਸਰਬਸੰਮਤੀ ਨਾਲ ਪ੍ਰਵਾਨ ਹੋਈਆਂ।

(ii) ਪੰਜਾਬ ਨਮਿੱਤਣ (ਨੰ. 2) ਬਿਲ, 2017

ਵਿੱਤ ਮੰਤਰੀ ਨੇ ਪੰਜਾਬ ਨਮਿੱਤਣ (ਨੰ. 2) ਬਿਲ, 2017 ਪੇਸ਼ ਕੀਤਾ ਅਤੇ ਇਹ ਪ੍ਰਸਤਾਵ ਵੀ ਕੀਤਾ ਕਿ ਬਿਲ ਤੇ ਤੁਰੰਤ ਵਿਚਾਰ ਕੀਤਾ ਜਾਵੇ।

ਪ੍ਰਸਤਾਵ ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਸਰਬਸੰਮਤੀ ਨਾਲ ਪ੍ਰਵਾਨ ਹੋਇਆ।

ਬਿਲ ਤੇ ਕਲਾਜ਼-ਵਾਰ ਵਿਚਾਰ ਦੌਰਾਨ, ਕਲਾਜ਼ਾਂ 2 ਤੋਂ 4, ਸ਼ਡਿਊਲ, ਕਲਾਜ਼ 1 ਅਤੇ ਸਿਰਲੇਖ ਸਦਨ ਦੀ ਵੋਟ ਲਈ ਰੱਖੇ ਗਏ ਅਤੇ ਸਰਬਸੰਮਤੀ ਨਾਲ ਪ੍ਰਵਾਨ ਹੋਏ।

ਵਿੱਤ ਮੰਤਰੀ ਦੁਆਰਾ ਕੀਤਾ ਗਿਆ ਪ੍ਰਸਤਾਵ "ਕਿ ਪੰਜਾਬ ਨਮਿੱਤਣ (ਨੰ. 2) ਬਿਲ, 2017 ਪਾਸ ਕੀਤਾ ਜਾਵੇ" ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਸਰਬਸੰਮਤੀ ਨਾਲ ਪ੍ਰਵਾਨ ਹੋਇਆ।

15. ਸਦਨ ਦਾ ਸਮਾਂ ਵਧਾਉਣਾ

ਮਾਨਯੋਗ ਸਪੀਕਰ ਵੱਲੋਂ ਸਦਨ ਦੀ ਸਹਿਮਤੀ ਨਾਲ ਅੱਜ ਦੀ ਬੈਠਕ ਦਾ ਸਮਾਂ ਅੱਜ ਦੀ ਕਾਰਜਸੂਚੀ ਵਿੱਚ ਦਰਸਾਏ ਬਿਜਨਸ ਦੇ ਖਤਮ ਹੋਣ ਤੱਕ ਵਧਾਇਆ ਗਿਆ।

ਮਾਨਯੋਗ ਡਿਪਟੀ ਸਪੀਕਰ ਨੇ 03.24 ਵਜੇ ਬਾਅਦ ਦੁਪਹਿਰ ਤੋਂ 03.30 ਵਜੇ ਬਾਅਦ ਦੁਪਹਿਰ ਤੱਕ ਸਦਨ ਦੀ ਕੁਰਸੀ ਸੰਭਾਲੀ।

ਇਸ ਉਪਰੰਤ ਸਦਨ ਸ਼ੁੱਕਰਵਾਰ ਮਿਤੀ 23 ਜੂਨ, 2017 ਦੇ 10.00 ਵਜੇ ਸਵੇਰ ਤੱਕ ਸਥਗਿਤ ਹੋ ਗਿਆ।

ਚੰਡੀਗੜ੍ਹ:
ਮਿਤੀ 22 ਜੂਨ, 2017

ਸ਼ਸ਼ੀ ਲਖਨਪਾਲ ਮਿਸ਼ਰਾ,
ਸਕੱਤਰ

17/1/22

Principal Chief Reporter
Punjab Vidhan Sabha
Chandigrah